Australian Government
Australian Taxation Office

# ਕੱਪੜੇ ਅਤੇ ਧੁਆਈ

## ਟੈਕਸ ਸਮੇਂ ਤੁਸੀਂ ਕੀ ਕਲੇਮ ਕਰ ਸਕਦੇ ਹੋ ਬਾਰੇ ਸਿੱਖਣਾ ਫਾਇਦਾ ਦਿੰਦਾ ਹੈ

ਤੁਸੀਂ ਇਹਨਾਂ ਨੂੰ ਖਰੀਦਣ ਅਤੇ ਸਾਫ ਕਰਨ ਦੀ ਲਾਗਤ ਦੀ ਕਟੌਤੀ ਕਲੇਮ ਕਰ ਸਕਦੇ ਹੋ: **ਕਿੱਤੇ ਨਾਲ ਸਬੰਧਿਤ ਕੱਪੜੇ, ਸੁਰੱਖਿਆ ਵਾਲੇ ਕੱਪੜੇ ਅਤੇ ਵੱਖਰੀਆਂ, ਵਿਲੱਖਣ ਵਰਦੀਆਂ।**

✔ ਕਿੱਤੇ ਨਾਲ ਸਬੰਧਿਤ ਖਾਸ ਕੱਪੜਿਆਂ ਲਈ ਕਟੌਤੀ **ਤੁਸੀਂ ਕਲੇਮ ਕਰ ਸਕਦੇ ਹੋ।** ਇਸ ਦਾ ਅਰਥ ਹੈ ਕਿ ਇਹ ਤੁਹਾਡੇ ਕਿੱਤੇ ਲਈ ਖਾਸ ਹੈ, ਰੋਜ਼ਾਨਾ ਪਾਉਣ ਵਾਲੇ ਨਹੀਂ ਹਨ ਅਤੇ ਜਨਤਾ ਵੱਲੋਂ ਤੁਹਾਡੇ ਕਿੱਤੇ ਨੂੰ ਬੜੀ ਸੌਖੀ ਤਰ੍ਹਾਂ ਨਾਲ ਪਛਾਨਣ ਵਿੱਚ ਮਦਦ ਕਰਦੇ ਹਨ।

ਇਕ ਉਦਾਹਰਣ ਸ਼ੈਫ ਵੱਲੋਂ ਪਹਿਨੀਆਂ ਜਾਂਦੀਆਂ ਚੈਕ ਵਾਲੀਆਂ ਪੈਂਟਾਂ ਹਨ।

✔ ਆਪਣੀ ਆਮਦਨ ਕਮਾਉਣ ਸਮੇਂ ਜੋ ਗਤੀਵਿਧੀਆਂ ਤੁਸੀਂ ਕਰਦੇ ਹੋ ਉਸ ਵੇਲੇ ਜਿਹੜੇ **ਸੁਰੱਖਿਅਤ ਕੱਪੜੇ ਅਤੇ ਬੂਟ** ਜੋ ਤੁਸੀਂ ਆਪਣੇ ਆਪ ਨੂੰ ਬਿਮਾਰ ਜਾਂ ਜ਼ਖਮੀ ਹੋਣ ਤੋਂ ਬਚਣ ਲਈ ਪਾਉਂਦੇ ਹੋ, ਉਹਨਾਂ ਦੀ ਕਟੌਤੀ **ਕਲੇਮ ਕੀਤੀ** ਜਾ ਸਕਦੀ ਹੈ। ਕੱਪੜਿਆਂ ਨੂੰ ਉਸ ਖ਼ਤਰੇ ਤੋਂ ਕਾਫੀ ਹੱਦ ਤੱਕ ਸੁਰੱਖਿਆ ਪ੍ਰਦਾਨ ਕਰਨੀ ਚਾਹੀਦੀ ਹੈ।

ਉਦਾਹਰਣਾਂ ਵਿੱਚ ਸ਼ਾਮਲ ਹਨ:

- ਅੱਗ-ਰੋਧਕ ਅਤੇ ਸੂਰਜ ਤੋਂ ਬਚਣ ਵਾਲੇ ਕੱਪੜੇ
- ਦੂਰੋਂ ਵਿਖਾਈ ਦੇਣ ਵਾਲੀਆਂ ਵਾਸਕਟਾਂ
- ਨਰਸਾਂ ਦੇ ਨਾ ਤਿਲਕਣ ਵਾਲੇ ਜੁੱਤੇ
- ਸਟੀਲ ਦੀ ਟੋਪੀ ਵਾਲੇ ਬੂਟ
- ਉਪਰਲੀਆਂ ਪੋਸ਼ਾਕਾਂ, ਢਿੱਲੀਆਂ ਕਮੀਜ਼ਾਂ ਅਤੇ ਐਪਰਨ ਜੋ ਤੁਸੀਂ ਆਪਣੇ ਸਾਧਾਰਣ ਕੱਪੜਿਆਂ ਨੂੰ ਗੰਦੇ ਜਾਂ ਖਰਾਬ ਹੋਣ ਤੋਂ ਬਚਾਉਣ ਲਈ ਪਾਉਂਦੇ ਹੋ।

✔ ਤੁਸੀਂ **ਲਾਜ਼ਮੀ ਜਾਂ ਗੈਰ ਲਾਜ਼ਮੀ ਵਰਦੀ** ਲਈ ਕਟੌਤੀ **ਕਲੇਮ ਕਰ ਸਕਦੇ** ਹੋ ਜੋ ਤੁਹਾਡੇ ਕੰਮ ਕਰਨ ਵਾਲੀ ਸੰਸਥਾ ਲਈ ਵੱਖਰੀ ਤੇ ਵਿਲੱਖਣ ਹੈ।

ਕੱਪੜੇ ਹਨ:

- **ਵੱਖਰੇ** ਜੇਕਰ ਇਹ ਸਿਰਫ ਰੋਜ਼ਗਾਰਦਾਤੇ ਲਈ ਡਿਜ਼ਾਈਨ ਕੀਤੇ ਤੇ ਬਣਾਏ ਗਏ ਹਨ
- **ਵਿਲੱਖਣ** ਜੇਕਰ ਰੋਜ਼ਗਾਰਦਾਤੇ ਦਾ ਚਿੰਨ੍ਹ ਪੱਕੇ ਤੌਰ ਤੇ ਨਾਲ ਲੱਗਾ ਹੈ ਅਤੇ ਇਹ ਕੱਪੜੇ ਜਨਤਾ ਵਾਸਤੇ ਉਪਲਬਧ ਨਹੀਂ ਹਨ।

✖ ਤੁਸੀਂ ਉਹਨਾਂ ਕੱਪੜਿਆਂ ਨੂੰ ਖਰੀਦਣ ਜਾਂ ਸਾਫ ਕਰਨ ਦੀ ਲਾਗਤ **ਕਲੇਮ ਨਹੀਂ ਕਰ ਸਕਦੇ** ਜੋ ਤੁਸੀਂ ਕੰਮ ਉਪਰ ਪਾਉਣ ਲਈ ਖਰੀਦੇ ਹਨ ਪਰ ਤੁਹਾਡੇ ਕਿੱਤੇ ਲਈ ਖਾਸ ਨਹੀਂ ਹਨ, ਜਿਵੇਂ ਕਿ ਕਾਲੀਆਂ ਪੈਂਟਾਂ ਅਤੇ ਚਿੱਟੀ ਕਮੀਜ਼, ਜਾਂ ਸੂਟ, ਭਾਂਵੇਂ ਕਿ ਤੁਹਾਡਾ ਰੋਜ਼ਗਾਰਦਾਤਾ ਕਹਿੰਦਾ ਹੈ ਕਿ ਇਹ ਲਾਜ਼ਮੀ ਹੈ।

ਇਹ ਚੀਜ਼ਾਂ ਰਿਵਾਇਤੀ ਹਨ, ਆਮ ਤੌਰ ਤੇ ਕਿਸੇ ਖਾਸ ਕਿਸਮਾਂ ਦੀਆਂ ਨਹੀਂ ਹਨ ਅਤੇ ਏਨੀਆਂ ਵਿਲੱਖਣ ਨਹੀਂ ਹਨ ਜਾਂ ਤੁਹਾਡੇ ਰੋਜ਼ਗਾਰਦਾਤੇ ਲਈ ਕਾਫੀ ਵੱਖਰੀਆਂ ਨਹੀਂ ਹਨ।

✖ ਤੁਸੀਂ ਆਮ ਕੱਪੜਿਆਂ (ਜਿਵੇਂ ਜੀਨਾਂ, ਡਰਿੱਲ ਕਮੀਜ਼ਾਂ, ਨਿੱਕਰਾਂ, ਪੈਂਟਾਂ, ਜੁਰਾਬਾਂ ਜਾਂ ਬੰਦ ਜੁੱਤੇ) ਦੀ ਕਟੌਤੀ **ਕਲੇਮ ਨਹੀਂ ਕਰ ਸਕਦੇ** ਕਿਉਂਕਿ ਉਹਨਾਂ ਵਿਚ ਤੁਹਾਡੇ ਕੰਮ ਦੇ ਖ਼ਤਰਿਆਂ ਲਈ ਡਿਜ਼ਾਈਨ ਕੀਤੇ ਸੁਰੱਖਿਆ ਗੁਣਾਂ ਦੀ ਘਾਟ ਹੈ।



**ਲਾਜ਼ਮੀ ਕੰਮ ਵਾਲੀ ਵਰਦੀ** ਉਹ ਕੱਪੜੇ ਹਨ ਜੋ ਤੁਹਾਨੂੰ ਇਕ ਸੰਸਥਾ ਦੇ ਕਰਮਚਾਰੀ ਵਜੋਂ ਪਛਾਣ ਕਰਵਾਉਂਦੇ ਹਨ, ਇਸ ਦੇ ਨਾਲ ਸੰਸਥਾ ਦੀ ਨੀਤੀ ਲਾਗੂ ਕਰਵਾਉਂਦੀ ਹੈ ਜੋ ਤੁਹਾਨੂੰ ਕੰਮ ਤੇ ਹੁੰਦੇ ਸਮੇਂ ਹਰ ਵੇਲੇ ਇਸ ਵਰਦੀ ਦਾ ਪਾਉਣਾ ਲਾਜ਼ਮੀ ਬਣਾਉਂਦੀ ਹੈ।

✔ ਤੁਸੀਂ ਜੁੱਤਿਆਂ, ਜੁਰਾਬਾਂ ਅਤੇ ਲੱਤਾਂ ਨਾਲ ਜੁੜੀਆਂ ਪਜਾਮੀਆਂ ਨੂੰ ਉਥੇ **ਕਲੇਮ ਕਰ ਸਕਦੇ** ਹੋ, ਜਿੱਥੇ ਇਹ ਵਿਲੱਖਣ ਲਾਜ਼ਮੀ ਵਰਦੀ ਦਾ ਜ਼ਰੂਰੀ ਹਿੱਸਾ ਹਨ, ਅਤੇ ਜਿੱਥੇ ਇਹਨਾਂ ਦੇ ਲੱਛਣ (ਰੰਗ, ਸ਼ੈਲੀ ਤੇ ਕਿਸਮ) ਤੁਹਾਡੇ ਰੋਜ਼ਗਾਰਦਾਤੇ ਦੀ ਵਰਦੀ ਨੀਤੀ ਵਿੱਚ ਅੰਕਿਤ ਹਨ।

✔ ਤੁਸੀਂ ਵਿਲੱਖਣ ਕੱਪੜੇ ਦੀ ਇਕ ਚੀਜ਼ ਦੀ ਕਟੌਤੀ **ਕਲੇਮ ਕਰ ਸਕਦੇ** ਹੋ, ਜਿਵੇਂ ਕਿ ਸਵੈਟਰ, ਜੋ ਕਿ ਤੁਹਾਡੇ ਲਈ ਕੰਮ ਉਪਰ ਪਾਉਣਾ ਲਾਜ਼ਮੀ ਹੈ।



**ਅਣ-ਲਾਜ਼ਮੀ ਵਰਦੀ** ਉਹ ਕੱਪੜੇ ਅਤੇ ਸਹਿਯੋਗੀ ਚੀਜ਼ਾਂ ਹਨ (ਸੁਰੱਖਿਆ ਜਾਂ ਖਾਸ ਕਿੱਤੇ ਲਈ ਨਹੀਂ) ਜੋ:

- ਖਾਸ ਰੋਜ਼ਗਾਰਦਾਤੇ, ਉਤਪਾਦ ਜਾਂ ਸੇਵਾ ਦੀ ਵਿਲੱਖਣ ਪਛਾਣ ਕਰਵਾਉਂਦੀ ਹੈ
- ਕਰਮਚਾਰੀਆਂ ਲਈ ਕੰਮ ਉਪਰ ਪਾ ਕੇ ਆਉਣਾ ਲਾਜ਼ਮੀ ਨਹੀਂ ਹੈ।

✔ **ਅਣ-ਲਾਜ਼ਮੀ ਕੰਮ ਵਾਲੀ ਵਰਦੀ** ਉਪਰ ਆਈ ਲਾਗਤ ਨੂੰ ਤੁਸੀਂ **ਸਿਰਫ ਉਦੋਂ ਕਲੇਮ ਕਰ ਸਕਦੇ** ਹੋ ਜੇਕਰ ਤੁਹਾਡੇ ਰੋਜ਼ਗਾਰਦਾਤੇ ਨੇ ਡਿਜ਼ਾਈਨ AusIndustry ਨਾਲ ਰਜਿਸਟਰ ਕੀਤਾ ਹੋਇਆ ਹੈ।

✖ ਜੁੱਤੇ, ਜੁਰਾਬਾਂ ਅਤੇ ਲੱਤਾਂ ਨਾਲ ਜੁੜੀਆਂ ਪਜਾਮੀਆਂ **ਕੰਮ ਵਾਲੀ ਅਣ-ਲਾਜ਼ਮੀ ਵਰਦੀ** ਦਾ ਜ਼ਰੂਰੀ ਹਿੱਸਾ **ਕਦੇ ਵੀ ਨਹੀਂ** ਹੋ ਸਕਦੀਆਂ ਹਨ।

✖ ਤੁਸੀਂ **ਅਣ-ਲਾਜ਼ਮੀ ਵਰਦੀ** ਦੀ ਇਕ ਚੀਜ਼ ਦੀ ਕਟੌਤੀ **ਕਲੇਮ ਨਹੀਂ ਕਰ ਸਕਦੇ**, ਜਿਵੇਂ ਕਿ ਸਵੈਟਰ।

| ਹਾਲਾਤ | ਕੱਪੜਿਆਂ ਦੀ ਕਟੌਤੀ | ਧੁਆਈ ਦੀ ਕਟੌਤੀ | ਕਾਰਣ |
|---|---|---|---|
| ਤੁਹਾਡਾ ਰੋਜ਼ਗਾਰਦਾਤਾ ਤੁਹਾਨੂੰ ਕਾਲੀਆਂ ਪੈਂਟਾਂ ਤੇ ਕਾਲੀ ਪੋਲੋ ਕਮੀਜ਼ ਪਾਉਣ ਲਈ ਕਹਿੰਦਾ ਹੈ | ✗ | ✗ | ਰਵਾਇਤੀ ਕੱਪੜੇ ਜੋ ਤੁਹਾਡੇ ਰੋਜ਼ਗਾਰਦਾਤੇ ਲਈ ਵਿਲੱਖਣ ਨਹੀਂ ਹਨ |
| ਤੁਹਾਡਾ ਰੋਜ਼ਗਾਰਦਾਤਾ ਤੁਹਾਨੂੰ ਕਾਲੀਆਂ ਪੈਂਟਾਂ ਅਤੇ ਚਿੰਨ੍ਹ ਵਾਲਾ ਟੌਪ ਪ੍ਰਦਾਨ ਕਰਦਾ ਹੈ ਜੋ ਕਿ ਤੁਹਾਡੇ ਰੋਜ਼ਗਾਰਦਾਤੇ ਲਈ ਵੱਖਰਾ ਤੇ ਵਿਲੱਖਣ ਹੈ | ✗ | ✓ ਟੌਪ (ਕਮੀਜ਼) | **ਟੌਪ (ਕਮੀਜ਼)**<br>ਤੁਹਾਨੂੰ ਟੌਪ ਪਾਉਣਾ ਪੈਂਦਾ ਹੈ ਅਤੇ ਇਹ ਉਸ ਸੰਸਥਾ ਲਈ ਵੱਖਰਾ ਤੇ ਵਿਲੱਖਣ ਹੈ ਜਿਸ ਲਈ ਤੁਸੀਂ ਕੰਮ ਕਰਦੇ ਹੋ<br>**ਪੈਂਟਾਂ**<br>ਕਾਲੀਆਂ ਪੈਂਟਾਂ ਰੋਜ਼ਾਨਾ ਵਰਤੋਂ ਵਿੱਚ ਆਉਣ ਵਾਲੀਆਂ ਅਤੇ ਤੁਹਾਡੇ ਰੋਜ਼ਗਾਰਦਾਤੇ ਲਈ ਵੱਖਰੀਆਂ ਤੇ ਵਿਲੱਖਣ ਹੋਣ ਲਈ ਕਾਫੀ ਨਹੀਂ ਹਨ – ਰੰਗ ਦੀ ਜ਼ਰੂਰਤ ਕਾਫੀ ਨਹੀਂ ਹੈ |
| ਤੁਹਾਡਾ ਰੋਜ਼ਗਾਰਦਾਤਾ ਤੁਹਾਨੂੰ ਚਿੰਨ੍ਹ ਵਾਲਾ ਖਾਸ ਟੌਪ ਅਤੇ ਕਾਲੀਆਂ ਪੈਂਟਾਂ ਖਰੀਦਣ ਤੇ ਪਹਿਨਣ ਲਈ ਕਹਿੰਦਾ ਹੈ | ✓ ਟੌਪ (ਕਮੀਜ਼)<br>✗ ਪੈਂਟਾਂ | ✓ ਟੌਪ (ਕਮੀਜ਼)<br>✗ ਪੈਂਟਾਂ | **ਟੌਪ (ਕਮੀਜ਼)**<br>ਤੁਹਾਨੂੰ ਟੌਪ ਖਰੀਦਣਾ ਪੈਂਦਾ ਹੈ ਅਤੇ ਇਹ ਉਸ ਸੰਸਥਾ ਲਈ ਵੱਖਰਾ ਤੇ ਵਿਲੱਖਣ ਹੈ ਜਿਸ ਲਈ ਤੁਸੀਂ ਕੰਮ ਕਰਦੇ ਹੋ<br>**ਪੈਂਟਾਂ**<br>ਕਾਲੀਆਂ ਪੈਂਟਾਂ ਰੋਜ਼ਾਨਾ ਵਰਤੋਂ ਵਿੱਚ ਆਉਣ ਵਾਲੀਆਂ ਅਤੇ ਤੁਹਾਡੇ ਰੋਜ਼ਗਾਰਦਾਤੇ ਲਈ ਵੱਖਰੀਆਂ ਤੇ ਵਿਲੱਖਣ ਹੋਣ ਲਈ ਕਾਫੀ ਨਹੀਂ ਹਨ – ਰੰਗ ਦੀ ਜ਼ਰੂਰਤ ਕਾਫੀ ਨਹੀਂ ਹੈ |
| ਤੁਹਾਡਾ ਰੋਜ਼ਗਾਰਦਾਤਾ ਤੁਹਾਨੂੰ ਚਿੰਨ੍ਹ ਵਾਲਾ ਖਾਸ ਟੌਪ ਅਤੇ ਕਾਲੀਆਂ ਪੈਂਟਾਂ XYZ ਦੀ ਦੁਕਾਨ ਤੋਂ ਖਰੀਦਣ ਤੇ ਪਹਿਨਣ ਲਈ ਕਹਿੰਦਾ ਹੈ | ✓ ਟੌਪ (ਕਮੀਜ਼)<br>✗ ਪੈਂਟਾਂ | ✓ ਟੌਪ (ਕਮੀਜ਼)<br>✗ ਪੈਂਟਾਂ | **ਟੌਪ (ਕਮੀਜ਼)**<br>ਤੁਹਾਨੂੰ ਟੌਪ ਖਰੀਦਣਾ ਪੈਂਦਾ ਹੈ ਅਤੇ ਚਿੰਨ੍ਹ ਇਸ ਨੂੰ ਉਸ ਸੰਸਥਾ ਲਈ ਵੱਖਰਾ ਤੇ ਵਿਲੱਖਣ ਬਣਾਉਂਦਾ ਹੈ ਜਿਸ ਲਈ ਤੁਸੀਂ ਕੰਮ ਕਰਦੇ ਹੋ<br>**ਪੈਂਟਾਂ**<br>ਬਿਨਾਂ ਚਿੰਨ੍ਹ ਜਾਂ ਹੋਰ ਵਿਸ਼ੇਸ਼ਤਾ ਵਾਲੀਆਂ ਕਾਲੀਆਂ ਪੈਂਟਾਂ, ਸੰਸਥਾ ਨੂੰ ਵੱਖਰੀਆਂ ਤੇ ਵਿਲੱਖਣ ਨਹੀਂ ਬਣਾਉਂਦੀਆਂ ਹਨ ਜਿਸ ਲਈ ਤੁਸੀਂ ਕੰਮ ਕਰਦੇ ਹੋ, ਭਾਂਵੇਂ ਕਿ ਤੁਹਾਡਾ ਰੋਜ਼ਗਾਰਦਾਤਾ ਤੁਹਾਨੂੰ ਖਰੀਦਣ ਲਈ ਕਹਿੰਦਾ ਹੈ |
| ਤੁਹਾਨੂੰ ਇਕ ਖਾਸ ਸ਼ੈਲੀ ਤੇ ਰੰਗ ਦੀ ਵਰਦੀ ਖਰੀਦਣੀ ਪੈਂਦੀ ਹੈ ਜੋ ਤੁਹਾਡਾ ਰੋਜ਼ਗਾਰਦਾਤਾ ਰਜਿਸਟਰ ਕਰਦਾ ਹੈ, ਇਹ ਚਿੰਨ੍ਹ ਵਾਲੀ ਕਮੀਜ਼ ਅਤੇ ਕਾਲੀ ਪੈਂਟ ਦੀ ਬਣੀ ਹੋਈ ਹੈ | ✓ | ✓ | ਤੁਹਾਨੂੰ ਰਜਿਸਟਰ ਵਰਦੀ ਖਰੀਦਣੀ ਪੈਂਦੀ ਹੈ ਜੋ ਕਿ ਤੁਹਾਡੇ ਰੋਜ਼ਗਾਰਦਾਤੇ ਲਈ ਵੱਖਰੀ ਤੇ ਵਿਲੱਖਣ ਹੋਣ ਲਈ ਕਾਫੀ ਹੈ |
| ਤੁਹਾਡਾ ਰੋਜ਼ਗਾਰਦਾਤਾ ਤੁਹਾਨੂੰ ਉਸ ਸਟੋਰ ਤੋਂ ਨਵੇਂ ਨਵੇਂ ਕੱਪੜੇ ਖਰੀਦ ਕੇ ਪਾਉਣ ਲਈ ਕਹਿੰਦਾ ਹੈ ਜਿੱਥੇ ਤੁਸੀਂ ਕੰਮ ਕਰਦੇ ਹੋ | ✗ | ✗ | ਤੁਸੀਂ ਕੰਮ ਉਪਰ ਪਾਉਣ ਵਾਲੇ ਆਮ ਕੱਪੜਿਆਂ ਦੀ ਲਾਗਤ ਕਲੇਮ ਨਹੀਂ ਕਰ ਸਕਦੇ, ਭਾਂਵੇਂ ਕਿ ਤੁਹਾਡਾ ਰੋਜ਼ਗਾਰਦਾਤਾ ਤੁਹਾਨੂੰ ਉਸੇ ਸਟੋਰ ਤੋਂ ਵਿਕਦੇ ਕੱਪੜੇ ਪਾਉਣ ਲਈ ਕਹਿੰਦਾ ਹੈ, ਜਿੱਥੇ ਤੁਸੀਂ ਕੰਮ ਕਰਦੇ ਹੋ |

## ਰਿਕਾਰਡ

ਤੁਹਾਡੇ ਕੋਲ ਧੁਆਈ ਦੇ ਖਰਚਿਆਂ ਦੇ ਲਿਖਤੀ ਸਬੂਤ ਜ਼ਰੂਰ ਹੋਣੇ ਚਾਹੀਦੇ ਹਨ, ਜਿਵੇਂ ਕਿ ਡਾਇਰੀ ਵਿੱਚ ਇੰਦਰਾਜ਼ (ਘੱਟੋ ਘੱਟ ਇਕ ਮਹੀਨੇ ਦੇ ਸਮੇਂ ਦੀ ਨੁਮਾਇੰਦਗੀ ਕਰਦੇ ਰੱਖਣੇ ਪੈਣਗੇ) ਅਤੇ ਰਸੀਦਾਂ, ਜੇ ਹੇਠ ਲਿਖੇ ਦੋਵੇਂ ਲਾਗੂ ਹੁੰਦੇ ਹਨ:

- ਤੁਹਾਡੇ ਕਲੇਮ ਦੀ ਰਾਸ਼ੀ 150 ਡਾਲਰ ਤੋਂ ਜ਼ਿਆਦਾ ਹੈ।
- ਤੁਹਾਡਾ ਕੰਮ ਨਾਲ ਸਬੰਧਿਤ ਖਰਚਿਆਂ ਦਾ ਕੁਲ ਕਲੇਮ 300 ਡਾਲਰ ਤੋਂ ਵੱਧ ਹੈ।

ਜੇ ਤੁਹਾਨੂੰ ਆਪਣੇ ਧੁਆਈ ਦੇ ਖਰਚਿਆਂ ਦਾ ਲਿਖਤੀ ਸਬੂਤ ਦੇਣ ਦੀ ਲੋੜ ਨਹੀਂ ਹੈ, ਆਪਣੇ ਕਲੇਮ ਦਾ ਹਿਸਾਬ ਲਗਾਉਣ ਲਈ ਤੁਸੀਂ ਉਚਿੱਤ ਆਧਾਰ ਵਰਤ ਸਕਦੇ ਹੋ। ਜੇ ਤੁਸੀਂ ਆਪਣੇ ਕੱਪੜੇ ਆਪ ਧੋਂਦੇ, ਸੁਕਾਉਂਦੇ ਤੇ ਇਸਤਰੀ ਕਰਦੇ ਹੋ, ਅਸੀਂ ਇਸ ਨੂੰ ਤੁਹਾਡੀ ਧੁਆਈ ਦੇ (ਧੋਣਾ, ਸੁਕਾਉਣਾ ਤੇ ਇਸਤਰੀ ਕਰਨਾ) ਕਲੇਮ ਨੂੰ ਉਚਿੱਤ ਆਧਾਰ ਮੰਨਦੇ ਹਾਂ:

- 1 ਡਾਲਰ ਪ੍ਰਤੀ ਲੋਡ ਜੇਕਰ ਹਰ ਲੋਡ ਵਿੱਚ ਸਿਰਫ ਤੁਹਾਡੇ ਕੰਮ ਨਾਲ ਸਬੰਧਿਤ ਕੱਪੜੇ ਹਨ
- 50 ਸੈਂਟ ਪ੍ਰਤੀ ਲੋਡ ਜੇਕਰ ਤੁਸੀਂ ਲੋਡ ਵਿੱਚ ਹੋਰ ਵੀ ਕੱਪੜੇ ਸ਼ਾਮਲ ਹਨ

## ਭੱਤੇ

ਜੇਕਰ ਤੁਸੀਂ ਆਪਣੇ ਰੋਜ਼ਗਾਰਦਾਤੇ ਪਾਸੋਂ ਧੁਆਈ ਦੇ ਖਰਚਿਆਂ ਵਾਸਤੇ ਭੱਤਾ ਪ੍ਰਾਪਤ ਕਰਦੇ ਹੋ:

- ਤੁਸੀਂ ਸਿਰਫ ਉਨ੍ਹੀਂ ਹੀ ਕਟੌਤੀ ਕਲੇਮ ਕਰ ਸਕਦੇ ਹੋ ਜਿੰਨ੍ਹੀ ਰਾਸ਼ੀ ਤੁਸੀਂ ਅਸਲ ਵਿੱਚ ਖਰਚ ਕੀਤੀ ਹੈ, ਨਾ ਕਿ ਤੁਹਾਡੇ ਭੱਤੇ ਦੀ ਰਾਸ਼ੀ
- ਭੱਤਾ ਮੁਲਾਂਕਣਯੋਗ ਆਮਦਨ ਹੈ, ਜਿਸ ਨੂੰ ਤੁਸੀਂ ਆਪਣੀ ਟੈਕਸ ਰਿਟਰਨ ਵਿੱਚ ਜ਼ਰੂਰ ਸ਼ਾਮਲ ਕਰੋ।

ਜ਼ਿਆਦਾ ਜਾਣਕਾਰੀ ਲਈ, ਆਪਣੇ ਟੈਕਸ ਦਲਾਲ ਨਾਲ ਗੱਲ ਕਰੋ ਜਾਂ **ato.gov.au/clothingandlaundry** ਉਪਰ ਜਾਓ।

n74999-03.2018
c079-00003 PAN